# ਸਿਹਤ (ਹੈਲਥ) ਬਾਰੇ ਬਾਰ ਬਾਰ ਪੁੱਛੇ ਜਾਣ ਵਾਲੇ ਪ੍ਰਸ਼ਨ
# Frequently asked questions about health

*ਇਹ ਜਾਣਕਾਰੀ ਇੰਗਲੈਂਡ, ਵੇਲਜ਼ ਅਤੇ ਨੌਰਧਰਨ ਆਇਅਰਲੈਂਡ ਵਿਚ ਲਾਗੂ ਹੁੰਦੀ ਹੈ-ਜਦ ਤੱਕ ਕਿ ਦੱਸਿਆ ਨਾ ਗਿਆ ਹੋਵੇ*

**ਕੀ ਮੈਂ ਆਪਣੇ ਡਾਕਟਰ ਬਾਰੇ ਸ਼ਿਕਾਇਤ ਕਰ ਸਕਦਾ/ਸਕਦੀ ਹਾਂ ?** 2

**ਕੀ ਮੈਂ ਆਪਣਾ ਡਾਕਟਰ ਬਦਲ ਸਕਦਾ/ਸਕਦੀ ਹਾਂ ?** 3

**ਕੀ ਮੇਰਾ ਜੀ ਪੀ ਆਪਣੇ ਰੈਜਿਸਟਰ ਤੋਂ ਮੇਰਾ ਨਾਮ ਕੱਟ ਜਾਂ ਖ਼ਾਰਜ ਕਰ ਸਕਦਾ ਹੈ ?** 4

**ਕੀ ਮੈਂ ਆਪਣਾ ਡਾਕਟਰੀ ਇਲਾਜ ਕਰਵਾਉਣ ਤੋਂ ਨਾਂਹ ਕਰ ਸਕਦਾ/ਸਕਦੀ ਹਾਂ ?** 5

**ਮੈਂ ਬਾਹਰਲੇ ਦੇਸ ਤੋਂ ਯੂ ਕੇ ਆ ਰਹੀ ਹਾਂ, ਕੀ ਐਨ.ਐਚ.ਐਸ (NHS) ਵਲੋਂ ਮੇਰਾ ਇਲਾਜ ਮੁਫ਼ਤ ਹੋ ਸਕਦਾ ਹੈ ?** 6

**ਮੈਂ ਐਨ ਐਚ ਐਸ (NHS) ਦਾ ਇੱਕ ਡੈਂਟਿਸਟ ਕਿਵੇਂ ਲੱਭ ਸਕਦਾ ਹਾਂ ?** 7

**'ਸਵਾਈਨ ਫ਼ਲੂ' ਨਾਲ ਨਿਪਟਣ ਲਈ ਮੈਂ ਜਾਣਕਾਰੀ ਕਿੱਥੋਂ ਲੈ ਸਕਦਾ ਹਾਂ ?** 8

**ਮੈਨੂੰ ਲਗਦਾ ਹੈ ਕਿ ਮੇਰਾ ਪਾਟਨਰ (ਸਾਥੀ) ਕੰਨਾਂ ਤੋਂ ਬੋਲਾ ਹੋ ਰਿਹਾ ਹੈ, ਸਾਨੂੰ ਕਿਹੋ ਜਿਹੀ ਮੱਦਦ ਮਿਲ ਸਕਦੀ ਹੈ ?** 9

Copyright © 2002-2007 Citizens Advice All rights reserved
Registered charity no: 279057 Company no: 1436945 England

# ਕੀ ਮੈਂ ਆਪਣੇ ਡਾਕਟਰ ਬਾਰੇ ਸ਼ਿਕਾਇਤ ਕਰ ਸਕਦਾ/ਸਕਦੀ ਹਾਂ ?

ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਇਲਾਜ ਠੀਕ ਠੀਕ ਨਹੀਂ ਹੋਇਆ ਜਾਂ ਤੁਹਾਡੇ ਰੋਗ ਦੀ ਪਛਾਣ ਗ਼ਲਤ ਹੋਈ ਹੈ, ਤਾਂ ਤੁਸੀਂ ਆਪਣੇ ਡਾਕਟਰ (ਜੀ.ਪੀ.) ਦੀ ਸ਼ਿਕਾਇਤ ਕਰ ਸਕਦੇ ਹੋ। ਜੇ ਤੁਸੀਂ ਆਪਣੀ ਸਿਹਤ ਠੀਕ ਨਾ ਹੋਣ ਕਾਰਨ ਇੰਜ ਨਹੀਂ ਕਰ ਸਕਦੇ , ਤਾਂ ਤੁਸੀਂ ਆਪਣੇ ਵਲੋਂ ਕਿਸੇ ਹੋਰ ਨੂੰ ਇੰਜ ਕਰਨ ਲਈ ਚੁਣ ਸਕਦੇ ਹੋ। ਜੇ ਤੁਸੀਂ ਸ਼ਿਕਾਇਤ ਕਰਨ ਦਾ ਫ਼ੈਸਲਾ ਕਰਦੇ ਹੋ, ਤਾਂ ਛੇਤੀਂ ਤੋਂ ਛੇਤੀਂ ਕਰਨੀ ਚਾਹੀਦੀ ਹੈ ਕਿਉਂਕਿ ਸ਼ਿਕਾਇਤ ਕੀਤੇ ਜਾਣ ਲਈ ਸਮੇਂ ਦੀ ਸੀਮਾ ਲਾਗੂ ਹੁੰਦੀ ਹੈ, ਜਿਸ ਦੇ ਵਿਚ ਵਿਚ ਤੁਸੀਂ ਸ਼ਿਕਾਇਤ ਕਰ ਸਕਦੇ ਹੋ।
ਸੱਭ ਤੋਂ ਪਹਿਲਾਂ ਤਾਂ ਤੁਸੀਂ ਆਪਣੇ ਜੀ.ਪੀ. ਕੋਲੋਂ ਉਹਨਾਂ ਦੇ ਸ਼ਿਕਾਇਤ ਕਰਨ ਦੀ ਕਾਰਵਾਈ ਦੀ ਇਕ ਕੌਪੀ ਮੰਗਣੀ ਚਾਹੀਦੀ ਹੈ- ਇਹ ਉਹਨਾਂ ਸਾਰਿਆਂ ਕੋਲ ਹੋਣੀ ਚਾਹੀਦੀ ਹੈ। ਸ਼ਿਕਾਇਤ ਕਰਨ ਦੇ ਅਸੂਲਾਂ ਦੇ ਮੁਤਾਬਿਕ ਉਸ ਫ਼ੌਰਮ ਨੂੰ ਭਰ ਕੇ ਮੁਨਾਸਿਬ ਵਿਅਕਤੀ ਨੂੰ ਭੇਜ ਦਿਉ ਅਤੇ ਜਵਾਬ ਦੀ ਉਡੀਕ ਕਰੋ।

ਜੇ ਤੁਹਾਡੇ ਵਲੋਂ ਕੀਤੀ ਪਹਿਲੀ ਸ਼ਿਕਾਇਤ ਦੇ ਮਿਲੇ ਜਵਾਬ ਨਾਲ ਤੁਸੀਂ ਸੰਤੁਸ਼ਟ ਨਾ ਹੋਵੋ, ਤਾਂ ਦੂਜੀ ਵਾਰ ਸੁਤੰਤਰ ਪੜਚੋਲ ਕਰਵਾਉਣ ਲਈ ਤੁਸੀਂ ਆਪਣਾ ਮਾਮਲਾ ਆਪਣੀ ਹੈਲਥ ਅਥੌਰਿਟੀ ਜਾਂ ਟ੍ਰਸਟ ਦੇ ਸਾਮ੍ਹਣੇ ਰੱਖ ਸਕਦੇ ਹੋ। ਤੁਹਾਡੀ ਕਮਿਊਨਿਟੀ ਹੈਲਥ ਕਾਉਂਸਿਲ ਇਸ ਵਿਚ ਤੁਹਾਡੀ ਮੱਦਦ ਕਰ ਸਕਦੀ ਹੈ ਭਾਵ ਕਿ ਉਹ ਤੁਹਾਨੂੰ ਸਲਾਹ ਦੇ ਸਕਦੇ ਹਨ ਅਤੇ ਫ਼ੌਰਮ ਆਦਿ ਭਰਨ ਵਿਚ ਤੁਹਾਡੀ ਮਦਦ ਕਰ ਸਕਦੇ ਹਨ। ਉਹ ਤੁਹਾਨੂੰ ਮੁਨਾਸਿਬ ਫ਼ੌਰਮ ਅਤੇ ਜਾਣਕਾਰੀ ਦੇਣ ਵਾਲਾ, ਤੁਹਾਡੀ ਖ਼ੁੱਦ ਦੀ ਮੱਦਦ ਕਰਨ ਵਾਲਾ ਪੁਲੰਦਾ (ਪੈਕ) ਤੁਹਾਨੂੰ ਦੇ ਸਕਦੇ ਹਨ।

ਜੇ ਅਜੇ ਵੀ ਤੁਹਾਨੂੰ ਲੱਗਦਾ ਹੈ ਕਿ ਤੁਹਾਡੀ ਸ਼ਿਕਾਇਤ ਨੂੰ ਕਿਸੇ ਤਸੱਲੀਬਖ਼ਸ਼ ਢੰਗ ਨਾਲ ਨਹੀਂ ਨਿਪਟਿਆ ਗਿਆ ਤਾਂ ਤੁਸੀਂ ਆਪਣੀ ਸ਼ਿਕਾਇਤ ਹੈਲਥ ਸਰਵਿਸ ਦੇ ਔਮਬੁਡਜ਼ਮਨ (ਸਿਹਤ ਸੇਵਾ ਲੋਕਪਾਲ) ਕੋਲ ਲਿਜਾ ਸਕਦੇ ਹੋ। ਇੰਗਲੈਂਡ ਅਤੇ ਵੇਲਜ਼ ਲਈ ਇਹ ਵੱਖ ਵੱਖ ਲੋਕਪਾਲ ਹਨ।

Copyright © 2002-2007 Citizens Advice All rights reserved
Registered charity no: 279057 Company no: 1436945 England

## ਕੀ ਮੈਂ ਆਪਣਾ ਡਾਕਟਰ ਬਦਲ ਸਕਦਾ/ਸਕਦੀ ਹਾਂ ?

ਕੋਈ ਵੀ ਵਿਅਕਤੀ ਬਿਨਾਂ ਕਿਸੇ ਕਾਰਣ ਦਿੱਤਿਆਂ ਆਪਣਾ ਡਾਕਟਰ ਜਾਂ ਜੀ ਪੀ ਬਦਲ ਸਕਦਾ ਹੈ। ਦੂਜੇ ਪਾਸੇ, ਜੇ ਤੁਸੀਂ ਜੀ.ਪੀ. ਵਲੋਂ ਕਵਰ ਕੀਤੇ ਜਾਂਦੇ ਖੇਤਰ ਵਿਚੋਂ ਬਾਹਰ ਚਲੇ ਜਾਂਦੇ ਹੋ, ਤਾਂ ਉਦੋਂ ਤਕ ਬਦਲਣ ਦੀ ਲੋੜ ਨਹੀਂ ਜਿੰਨਾ ਚਿਰ ਜੀ.ਪੀ. ਇਹ ਨਹੀਂ ਕਹਿੰਦੀ ਕਿ ਇਲਾਜ ਕਰਨਾ ਜਾਂ ਘਰ ਫੇਰੀ ਮਾਰਨੀ ਅੱਗੇ ਜਾਰੀ ਨਹੀਂ ਰੱਖੀ ਸਕਦੀ।

ਜੇ ਤੁਸੀਂ ਜੀ.ਪੀ. ਬਦਲਣ ਦਾ ਫੈਸਲਾ ਕਰਦੇ ਹੋ, ਤਾਂ ਤੁਹਾਨੂੰ ਆਪਣੀ ਹੈਲਥ ਅਥੌਰਿਟੀ ਨੂੰ ਇਤਲਾਹ ਦੇਣੀ ਪਵੇਗੀ। ਹੈਲਥ ਅਥੌਰਿਟੀ ਜਾਣਕਾਰੀ ਦੇ ਸਕਦੀ ਹੈ ਕਿ ਡਾਕਟਰ ਕਿਵੇਂ ਬਦਲੇ ਜਾ ਸਕਦੇ ਹਨ। ਉਹ ਤੁਹਾਨੂੰ, ਤੁਹਾਡੇ ਏਰੀਏ ਵਿਚਲੇ ਹੋਰ ਜੀ.ਪੀਜ਼ ਦਾ ਵੇਰਵਾ ਦੇ ਸਕਦੀ ਹੈ। ਜਦ ਤੁਹਾਨੂੰ ਉਹ ਡਾਕਟਰ ਮਿਲ ਜਾਵੇ ਜੋ ਤੁਹਾਨੂੰ ਆਪਣੀ ਲਿਸਟ ਵਿਚ ਰੱਖ ਸਕਦਾ ਹੋਵੇ, ਤਾਂ ਰਜਿਸਟਰ ਹੋਣ ਲਈ ਆਪਣਾ ਡਾਕਟਰੀ ਕਾਰਡ ਸਰਜਰੀ ਵਿਚ ਦੇ ਦੇਵੋ। ਇਸ ਵਾਸਤੇ ਤੁਹਾਨੂੰ ਆਪਣੇ ਕਾਰਡ ਦਾ 'ਭਾਗ ਏ' 'Part A' ਭਰਨ ਦੀ ਹੀ ਲੋੜ ਹੈ। ਫਿਰ ਇਹ ਹੈਲਥ ਅਥੌਰਿਟੀ ਨੂੰ ਭੇਜ ਦਿੱਤਾ ਜਾਂਦਾ ਹੈ, ਜੋ ਤੁਹਾਨੂੰ ਇਕ ਨਵਾਂ ਕਾਰਡ ਭੇਜ ਦਿੰਦੀ ਹੈ। ਜੇ ਤੁਹਾਡਾ ਕਾਰਡ ਗੁਆਚ ਗਿਆ ਹੋਵੇ, ਤਾਂ ਸਰਜਰੀ ਕੋਲ ਇਕ ਫ਼ੌਰਮ ਹੁੰਦਾ ਹੈ ਉਹ ਭੇਜਿਆ ਜਾ ਸਕਦਾ ਹੈ।

ਜੇ ਤੁਹਾਨੂੰ ਇਸ ਕਰ ਕੇ ਡਾਕਟਰ ਬਦਲਣਾ ਪੈ ਰਿਹਾ ਹੈ ਕਿਉਂਕਿ ਤੁਹਾਨੂੰ ਕਿਸੇ ਡਾਕਟਰ ਦੀ ਲਿਸਟ ਤੋਂ ਕੱਢ ਦਿੱਤਾ ਗਿਆ ਹੈ, ਤਾਂ ਵੀ ਢੰਗ ਉਹੀ ਹੈ ਜਿਵੇਂ ਆਪ ਡਾਕਟਰ ਚੁਣਦੇ ਹਾਂ। ਫਿਰ ਵੀ, ਜੇ ਤੁਹਾਨੂੰ ਕੋਈ ਜੀ.ਪੀ. ਸਵੀਕਾਰ ਨਹੀਂ ਕਰਦਾ ਤਾਂ ਹੈਲਥ ਅਥੌਰਿਟੀ ਤੁਹਾਡੇ ਏਰੀਏ ਵਿਚ ਕੋਈ ਜੀ.ਪੀ. ਤੁਹਾਡੇ ਲਈ ਨਿਯੁਕਤ ਕਰੇਗੀ।

Copyright © 2002-2007 Citizens Advice All rights reserved
Registered charity no: 279057 Company no: 1436945 England

## ਕੀ ਮੇਰਾ ਜੀ ਪੀ ਆਪਣੇ ਰੈਜਿਸਟਰ ਤੋਂ ਮੇਰਾ ਨਾਮ ਕੱਟ ਜਾਂ ਖ਼ਾਰਜ ਕਰ ਸਕਦਾ ਹੈ ?

ਕਈ ਹਾਲਾਤਾਂ ਵਿਚ ਤੁਹਾਡਾ ਜੀ ਪੀ ਤੁਹਾਡਾ ਨਾਮ ਮਰੀਜ਼ਾਂ ਦੇ ਰੈਜਿਸਟਰ ਤੋਂ ਖ਼ਾਰਜ ਕਰ ਸਕਦਾ ਹੈ ਜਾਂ ਕੱਟ ਸਕਦਾ ਹੈ, ਜਿਵੇਂ ਕਿ ਜੇ ਤੁਸੀਂ ਪ੍ਰੈਕਟਿਸ ਦੇ ਇਲਾਕੇ ਤੋਂ ਬਾਹਰ ਰਹਿਣ ਚਲੇ ਜਾਂਦੇ ਹੋ ਜਾਂ ਤੁਸੀਂ ਪ੍ਰੈਕਟਿਸ ਵਿਚ ਲੋਕਾਂ ਨੂੰ ਮਾਰਦੇ ਕੁੱਟਦੇ ਹੋ ਜਾਂ ਗਾਲੀ ਗਲੋਚ ਕਰਦੇ ਹੋ। ਤੁਹਾਡੇ ਜੀ ਪੀ ਨੇ ਤੁਹਾਨੂੰ ਕਈ ਵਾਰੀ ਇਸ ਬਾਰੇ ਚੇਤਾਵਨੀ ਵੀ ਦਿੱਤੀ ਹੈ ਅਤੇ ਤੁਹਾਡਾ ਨਾਮ ਰੈਜਿਸਟਰ ਤੋਂ ਲਾਹ ਦੇਣ ਦੇ ਕਾਰਣ ਵੀ ਦੱਸੇ ਹਨ। ਇਸ ਤੋਂ ਬਾਅਦ ਤੁਹਾਡਾ ਜੀ ਪੀ ਪ੍ਰਾਇਮਰੀ ਕੇਅਰ ਟਰੱਸਟ (PCT) ਨੂੰ ਸੂਚਿਤ ਕਰੇਗਾ, ਜੋ ਫਿਰ ਤੁਹਾਡੇ ਨਾਲ ਸੰਪਰਕ ਕਰਨਗੇ। ਰੈਜਿਸਟਰ ਤੋਂ ਨਾਮ ਖ਼ਾਰਜ ਕਰਨ ਦਾ ਅਸਰ ਅੱਠਵੇਂ ਦਿਨ ਤੋਂ ਬਾਅਦ ਲਾਗੂ ਹੋਵੇਗਾ ਜਦੋਂ ਪੀ ਸੀ ਟੀ ਨੂੰ ਜੀ ਪੀ ਵਲੋਂ ਇੱਕ ਨੋਟਿਸ ਮਿਲੇਗਾ ਜਾਂ ਜੇ ਫਿਰ ਉਸ ਤਾਰੀਖ਼ ਤੋਂ ਜਦੋਂ ਤੋਂ ਤੁਹਾਨੂੰ ਕਿਸੇ ਦੂਸਰੇ ਰੈਜਿਸਟਰ ਉੱਤੇ ਸ਼ਾਮਿਲ ਕੀਤਾ ਗਿਆ ਸੀ , ਜੇ ਇਹ ਪਹਿਲਾਂ ਹੋ ਗਿਆ ਹੋਵੇ। ਤੁਹਾਨੂੰ ਐਮਰਜੈਂਨਸੀ ਵਿਚ ਇਲਾਜ ਦਾ ਹੱਕ ਹਾਸਲ ਹੈ ਜਾਂ ਜੋ ਇਲਾਜ ਚੱਲ ਰਿਹਾ ਹੈ ਜਿਸ ਦੀ ਤੁਹਾਨੂੰ ਹਫ਼ਤੇ ਵਿਚ ਇੱਕ ਤੋਂ ਵੱਧ ਵਾਰੀ ਜ਼ਰੂਰਤ ਹੈ, ਜਦ ਤੱਕ ਕਿ ਤੁਹਾਨੂੰ ਕਿਸੇ ਹੋਰ ਜੀ ਪੀ ਵਲੋਂ ਸਵੀਕਾਰ ਨਹੀਂ ਕੀਤਾ ਜਾਂਦਾ।

ਜੇ ਤੁਸੀਂ ਆਪਣੇ ਜੀ ਪੀ ਜਾਂ ਪ੍ਰੈਕਟਿਸ ਦੇ ਕਰਮਚਾਰੀਆਂ ਦੀ ਤਰਫ਼ ਹਿੰਸਾਤਮਕ ਵਰਤਾਓ ਕੀਤਾ ਹੈ ਜਾਂ ਇਸ ਤਰ੍ਹਾਂ ਕਰਨੇ ਦੀ ਧਮਕੀ ਦਿੱਤੀ ਹੈ ਅਤੇ ਪੁਲੀਸ ਨੂੰ ਸੂਚਿਤ ਕੀਤਾ ਗਿਆ ਹੈ ਤਾਂ ਜੀ ਪੀ ਦੀ ਲਿਸਟ ਵਿਚੋਂ ਤੁਹਾਡਾ ਨਾਮ ਤੁਰੰਤ ਹੀ ਕੱਟਿਆ ਜਾ ਸਕਦਾ ਹੈ। ਜਿਸ ਜੀ ਪੀ ਨੇ ਤੁਹਾਡਾ ਨਾਮ ਖ਼ਾਰਜ ਕੀਤਾ ਹੈ ਉਹ ਤੁਹਾਨੂੰ ਐਮਰਜੈਂਨਸੀ ਲਈ ਸਿਰਫ਼ ਤਾਂ ਹੀ ਸਵੀਕਾਰ ਕਰ ਸਕਦਾ ਹੈ ਜੇ ਉਹ ਇਸ ਗੱਲ ਨਾਲ ਸੰਤੁਸ਼ਟ ਹੋਵੇ ਕਿ ਇਲਾਜ ਦੀ ਤੁਹਾਨੂੰ ਕਲਿਨੀਕਲੀ (ਡਾਕਟਰੀ) ਤੌਰ ਤੇ ਗੰਭੀਰ ਜ਼ਰੂਰਤ ਹੈ।

Copyright © 2002-2007 Citizens Advice All rights reserved
Registered charity no: 279057 Company no: 1436945 England

# ਕੀ ਮੈਂ ਆਪਣਾ ਡਾਕਟਰੀ ਇਲਾਜ ਕਰਵਾਉਣ ਤੋਂ ਨਾਂਹ ਕਰ ਸਕਦਾ/ਸਕਦੀ ਹਾਂ ?

ਜਦ ਤਕ ਕਿ ਤੁਹਾਨੂੰ ਸੂਚਤ ਕੀਤੇ ਜਾਣ ਵਾਲਾ ਕੋਈ ਰੋਗ ਨਾ ਹੋਵੇ ਜਾਂ ਤੁਹਾਨੂੰ ਕਿਸੇ ਮਾਨਸਕ ਰੋਗ ਕਾਰਣ ਨਜ਼ਰਬੰਦ ਨਾ ਰੱਖਿਆ ਗਿਆ ਹੋਵੇ (ਇਸ ਨੂੰ ਆਮ ਤੌਰ 'ਤੇ (ਸੈਕਸ਼ਨਡ) ਵੱਖ ਕੀਤਾ ਗਿਆ ਕਿਹਾ ਜਾਂਦਾ ਹੈ), ਤੁਹਾਨੂੰ ਆਪਣਾ ਡਾਕਟਰੀ ਇਲਾਜ ਕਰਵਾਉਣ ਤੋਂ ਨਾਂਹ ਕਰਨ ਦਾ ਹੱਕ ਹੈ। ਸਚਾਈ ਤਾਂ ਇਹ ਹੈ ਕਿ ਡਾਕਟਰ ਦੇ ਬਹੁਤ ਸਾਰੇ ਮਾਮਲਿਆਂ ਲਈ ਤੁਹਾਡੀ ਇਜਾਜ਼ਤ ਦੀ ਲੋੜ ਹੁੰਦੀ ਹੈ, ਪਰ ਕੇਵਲ ਡਾਕਟਰ ਕੋਲ ਜਾਣ ਨਾਲ ਇਹ ਸਮਝ ਲਿਆ ਜਾਂਦਾ ਹੈ ਕਿ ਡਾਕਟਰੀ ਪ੍ਰੀਖਣ ਜਾਂ ਇਲਾਜ ਕਰਨ ਦੀ ਆਗਿਆ ਦੇ ਦਿੱਤੀ ਗਈ ਹੈ। ਜੇ ਤੁਸੀਂ ਕਿਸੇ ਇਕ ਖ਼ਾਸ ਪ੍ਰਕਾਰ ਦਾ ਇਲਾਜ ਕਰਵਾਉਣ ਤੋਂ ਫ਼ਿਕਰਮੰਦ ਹੋ ਤਾਂ ਤੁਹਾਡੇ ਡਾਕਟਰ ਦਾ ਫ਼ਰਜ਼ ਹੈ ਕਿ ਉਸ ਰੋਗ ਲਈ ਦੂਜੇ ਉਪਲਬਧ ਇਲਾਜਾਂ ਬਾਰੇ ਵਿਆਖਿਆ ਦੇਵੇ। ਜੇ ਕੋਈ ਰੋਗੀ ਕਿਸੇ ਇਲਾਜ ਬਾਰੇ ਨਾਂਹ ਕਰਦਾ ਹੈ ਤਾਂ ਜ਼ਬਰਦਸਤੀ ਉਸ ਦਾ ਇਲਾਜ ਕਰਨਾ ਹਮਲਾ ਕੀਤਾ ਸਮਝਿਆ ਜਾ ਸਕਦਾ ਹੈ।

ਕਿਸੇ ਬੱਚੇ ਦਾ ਡਾਕਟਰੀ ਇਲਾਜ ਕਰਵਾਉਣ ਤੋਂ ਨਾਂਹ ਕਰਨਾ ਇਕ ਵੱਖਰੀ ਗੱਲ ਹੈ। ਜੇ ਇਕ ਮਾਪੇ ਹੋਣ ਵਜੋਂ ਤੁਸੀਂ ਆਪਣੇ ਬੱਚੇ ਦਾ ਇਲਾਜ ਕਰਵਾਉਣ ਤੋਂ ਨਾਂਹ ਕੀਤੀ ਹੈ ਤਾਂ ਜੇ ਬੱਚੇ ਦਾ ਇਲਾਜ ਹੋਣਾ ਜ਼ਰੂਰੀ ਸਮਝਿਆ ਜਾਵੇ ਤਾਂ ਡਾਕਟਰ ਦਾ ਫ਼ਰਜ਼ ਹੈ ਕਿ ਉਹ ਉਸ ਬੱਚੇ ਦਾ ਇਲਾਜ ਕਰੇ।

ਤੁਹਾਨੂੰ ਆਪਣਾ ਇਲਾਜ ਕਰਵਾਉਣ ਤੋਂ ਮਨ੍ਹਾ ਕਰਨਾ ਜਾਂ ਇਲਾਜ ਬੰਦ ਕਰਵਾਉਣ ਦਾ ਹੱਕ ਹੈ ਭਾਵੇਂ ਇਸ ਨਾਲ ਤੁਹਾਡੀ ਮੌਤ ਹੋ ਸਕਦੀ ਹੋਵੇ। ਇੱਕ ਡਾਕਟਰ ਲਈ ਜਾਣਦੇ ਹੋਏ ਕਿਸੇ ਦੀ ਮੌਤ ਦਾ ਕਾਰਣ ਬਣਨਾ ਗ਼ੈਰ ਕਾਨੂੰਨੀ ਹੈ, ਜਿਵੇਂ ਕਿ, ਕਿਸੇ ਰੋਗੀ ਨੂੰ ਦਵਾਈਆਂ ਦੀਆਂ ਖ਼ੁਰਾਕਾਂ ਬਹੁਤ ਵਧਾ ਦੇਣਾ ਤਾਂ ਕਿ ਉਸਦੀ ਮੌਤ ਛੇਤੀਂ ਹੋ ਜਾਵੇ। ਜੇ ਤੁਹਾਨੂੰ ਚਿੰਤਾ ਹੈ ਕਿ ਅੱਗੇ ਕਿਸੇ ਪੜਾਅ 'ਤੇ ਜਾ ਕੇ ਤੁਸੀਂ ਆਪਣੀਆਂ ਇੱਛਾਵਾਂ ਦੱਸਣ ਜੋਗੇ ਨਹੀਂ ਰਹੋਗੇ, ਤਾਂ ਡਾਕਟਰ ਨੂੰ ਦੱਸਣਾ ਅਕਲਮੰਦੀ ਹੋਵੇਗੀ ਕਿ ਕਿਹੜੇ ਪੜਾਅ 'ਤੇ ਜਾ ਕੇ ਤੁਸੀਂ ਆਪਣਾ ਇਲਾਜ ਹੋਣਾ ਬੰਦ ਕਰਵਾਉਣਾ ਚਾਹੋਗੇ। ਇਸ ਨੂੰ ਜੀਉਂਦੇ ਜਾਗਦੇ ਆਪਣੀ ਵਸੀਹਤ (ਵਿੱਲ) ਬਣਾਉਂਣਾ ਆਖਿਆ ਜਾਂਦਾ ਹੈ।

Copyright © 2002-2007 Citizens Advice All rights reserved
Registered charity no: 279057 Company no: 1436945 England

# ਮੈਂ ਬਾਹਰਲੇ ਦੇਸ ਤੋਂ ਯੂ.ਕੇ. ਆ ਰਹੀ ਹਾਂ, ਕੀ ਐਨ.ਐਚ.ਐਸ ਵਲੋਂ ਮੇਰਾ ਇਲਾਜ ਮੁਫ਼ਤ ਹੋ ਸਕਦਾ ਹੈ?

ਬਾਹਰਲੇ ਦੇਸ ਤੋਂ ਯੂ.ਕੇ. ਵਿਚ ਦਾਖਲ ਹੋਣ ਵਾਲੇ ਹਰੇਕ ਬੰਦੇ ਨੂੰ ਮੁਫ਼ਤ ਇਲਾਜ ਮਿਲ ਸਕਦਾ ਹੈ ਪਰ ਆਪਣੇ ਆਪ ਨਹੀਂ। ਐਮਰਜੰਸੀ, ਜ਼ਰੂਰੀ ਕੀਤੇ ਜਾਣ ਵਾਲੇ ਮਾਨਸਕ, ਛੂਤਕਾਰੀ ਜਾਂ ਫੈਲ ਸਕਣ ਵਾਲੇ ਰੋਗਾਂ ਦੇ ਇਲਾਜ ਮੁਫ਼ਤ ਕੀਤੇ ਜਾਂਦੇ ਹਨ। ਐਚ ਆਈ ਵੀ ਦੇ ਰੋਗ ਦੀ ਪਛਾਣ ਮੁਫ਼ਤ ਕੀਤੀ ਜਾਂਦੀ ਹੈ ਪਰ ਹੋ ਸਕਦਾ ਹੈ ਕਿ ਇਲਾਜ ਮੁਫ਼ਤ ਨਾ ਹੋਵੇ।

ਜਿਵੇਂ ਕਿ ਯੂ.ਕੇ. ਦੇ ਨਿਵਾਸੀਆਂ ਦੇ ਨਾਲ ਹੁੰਦਾ ਹੈ, (ਦੰਦਾਂ ਅਤੇ ਅੱਖਾਂ ਦੇ) ਐਨ. ਐਚ ਐਸ. ਦੇ ਕੁੱਝ ਇਕ ਇਲਾਜਾਂ ਲਈ ਪੈਸੇ ਦੇਣੇ ਪੈਂਦੇ ਹਨ, ਹਾਲਾਂ ਕਿ ਜੇ ਤੁਹਾਡੇ ਵਿਚ ਇਲਾਜ ਕਰਵਾਉਣ ਦੀ ਸਮਰੱਥਾ ਨਾ ਹੋਵੇ ਤਾਂ ਮਦਦ ਮਿਲ ਸਕਦੀ ਹੈ। ਯੂ.ਕੇ. ਵਿਚ ਰਹਿੰਦੇ ਅਤੇ ਕੰਮ ਕਰਦੇ ਲੋਕਾਂ ਨੂੰ ਮੁਫ਼ਤ ਇਲਾਜ ਕਰਵਾਉਣ ਦਾ ਹੱਕ ਹੈ ਅਤੇ ਇਸੇ ਤਰ੍ਹਾਂ ਜੋ ਲੋਕ ਯੂ.ਕੇ. ਵਿਚ ਥੋੜ੍ਹੇ ਚਿਰ ਲਈ ਰਹਿ ਰਹੇ ਹੋਣ ਅਤੇ ਜੇ ਰੋਗੀ ਹੋ ਜਾਣ, ਤਾਂ ਉਨ੍ਹਾਂ ਨੂੰ ਵੀ ਇਹ ਹੱਕ ਹੈ। ਕੁੱਝ ਦੇਸ਼ਾਂ ਨਾਲ ਇਹ ਵਿਵਸਥਾ ਹੈ ਜਿੱਥੇ ਯੂ.ਕੇ ਦੇ ਵਾਸੀਆਂ ਦਾ ਡਾਕਟਰੀ ਇਲਾਜ ਮੁਫ਼ਤ ਹੁੰਦਾ ਹੈ ਅਤੇ ਇਸੇ ਤਰ੍ਹਾਂ ਉਸ ਦੇਸ ਦੇ ਵਾਸੀਆਂ ਦਾ ਇਲਾਜ ਯੂ.ਕੇ. ਵਿਚ ਮੁਫ਼ਤ ਹੋ ਸਕਦਾ ਹੈ – ਇਸ ਨੂੰ ਪਰਸਪਰ (ਦੋਤਰਫ਼ਾ) ਸਮਝੌਤਾ ਕਹਿੰਦੇ ਹਨ।

ਜੇ ਤੁਸੀਂ ਐਨ. ਐਚ ਐਸ. ਕੋਲੋਂ ਇਲਾਜ ਕਰਵਾਉਣ ਲਈ ਪੈਸੇ ਨਹੀਂ ਦੇ ਸਕਦੇ, ਤਾਂ ਵੀ ਬਹੁਤ ਜ਼ਰੂਰੀ ਲੋੜੀਂਦਾ ਇਲਾਜ ਐਨ. ਐਚ ਐਸ. ਰਾਹੀਂ ਕੀਤਾ ਜਾਵੇਗਾ, ਪਰ ਅੱਗੇਰਾ ਲਗਾਤਾਰ ਹੋਣ ਵਾਲਾ ਇਲਾਜ ਕਰਵਾਉਣ ਲਈ ਤੁਹਾਨੂੰ ਆਪਣੇ ਦੇਸ ਪਰਤਣਾ ਪਵੇਗਾ। ਜੇ ਇਲਾਜ ਬਹੁਤ ਲੋੜੀਂਦਾ ਨਹੀਂ ਹੈ, ਤਾਂ ਵੀ ਐਨ. ਐਚ ਐਸ. ਵਲੋਂ ਇਲਾਜ ਕਰਨ ਦਾ ਪ੍ਰਸਤਾਵ ਤਾਂ ਕੀਤਾ ਜਾਵੇਗਾ ਪਰ ਮੁਫ਼ਤ ਨਹੀਂ।

ਜਦ ਤਕ ਕਿ ਤੁਸੀਂ ਯੂ.ਕੇ. ਵਿਚ ਖ਼ਾਸ ਕਰਕੇ ਇਲਾਜ ਕਰਵਾਉਣ ਖ਼ਾਤਰ ਹੀ ਨਾ ਆਏ ਹੋਵੋ ਤਾਂ ਮੁਫ਼ਤ ਇਲਾਜ ਕਰਵਾ ਸਕਣ ਦਾ ਇਹ ਹੱਕ ਜੀ.ਪੀ. ਦੀਆਂ ਸੇਵਾਵਾਂ, ਕਮਿਊਨਿਟੀ ਨਰਸਾਂ, ਦਾਈਆਂ ਅਤੇ ਐਮਬੂਲੈਂਸ ਦੀ ਸੇਵਾ ਲੈਣ ਤਕ ਹੁੰਦਾ ਹੈ, ਹਾਲਾਂ ਕਿ ਇਕ ਜੀ.ਪੀ. ਤੁਹਾਡੇ ਕੋਲੋਂ ਇਹ ਸਬੂਤ ਮੰਗ ਸਕਦਾ ਹੈ ਕਿ ਯੂ.ਕੇ. ਤੁਹਾਡੀ ਇਰਾਦਾ ਕਿੰਨੇ ਚਿਰ ਰਹਿਣ ਦਾ ਹੈ।

Copyright © 2002-2007 Citizens Advice All rights reserved
Registered charity no: 279057 Company no: 1436945 England

## ਮੈਂ ਐਨ ਐਚ ਐਸ (NHS) ਦਾ ਇੱਕ ਡੈਂਨਟਿਸਟ ਕਿਵੇਂ ਲੱਭ ਸਕਦਾ ਹਾਂ ?

ਬਹੁਤ ਸਾਰੇ ਲੋਕਾਂ ਨੂੰ ਇੱਕ ਇਹੋ ਜਿਹਾ ਡੈਂਨਟਿਸਟ ਲੱਭਣ ਵਿਚ ਮੁਸ਼ਕਿਲ ਪੇਸ਼ ਆਉਂਦੀ ਹੈ ਜੋ ਐਨ ਐਚ ਐਸ (NHS) ਦੇ ਤਹਿਤ ਇਲਾਜ ਪੇਸ਼ ਕਰਦਾ ਹੋਵੇ।

ਜੇ ਤੁਹਾਨੂੰ ਐਨ ਐਚ ਐਸ (NHS) ਦਾ ਇਲਾਜ ਚਾਹੀਦਾ ਹੈ ਤਾਂ ਸਭ ਤੋਂ ਪਹਿਲਾਂ ਤੁਹਾਨੂੰ ਪਤਾ ਕਰਨਾ ਪਵੇਗਾ ਕਿ ਤੁਹਾਡੇ ਇਲਾਕੇ ਵਿਚ ਕਿਹੜੇ ਡੈਂਨਟਿਸਟ ਐਨ ਐਚ ਐਸ (NHS) ਦਾ ਇਲਾਜ ਪੇਸ਼ ਕਰਦੇ ਹਨ ਅਤੇ ਉਸ ਡੈਂਨਟਿਸਟ ਦਾ ਪਤਾ ਕਰਨਾ ਪਵੇਗਾ ਜਿਹੜਾ ਤੁਹਾਨੂੰ ਐਨ ਐਚ ਐਸ ਦਾ ਮਰੀਜ਼ ਹੋਣ ਦੇ ਨਾਤੇ ਇਲਾਜ ਦਾ ਇੱਕ ਕੋਰਸ ਦੇਣ ਲਈ ਰਾਜ਼ੀ ਹੋਵੇਗਾ।

ਕਈ ਡੈਂਨਟਿਸਟਸ ਐਨ ਐਚ ਐਸ ਦਾ ਇਲਾਜ ਪੇਸ਼ ਨਹੀਂ ਕਰਦੇ ਜਾਂ ਸਿਰਫ਼ ਕੁਝ ਪ੍ਰਕਾਰ ਦੇ ਲੋਕਾਂ ਦੇ ਗਰੁੱਪਸ ਦਾ ਹੀ ਇਲਾਜ ਕਰਦੇ ਹਨ, ਮਿਸਾਲ ਵਜੋਂ, ਬੱਚੇ ਜਾਂ ਉਹ ਲੋਕ ਜਿਹਨਾਂ ਨੂੰ ਬੈਨਿਫ਼ਿਟਸ ਜਾਂ ਟੈਕਸ ਕ੍ਰੈਡਿਟਸ ਮਿਲਦੇ ਹਨ।

ਜ਼ਰੂਰੀ ਨਹੀਂ ਹੈ ਕਿ ਉਹ ਸਭ ਡੈਂਨਟਿਸਟ ਜਿਹੜੇ ਐਨ ਐਚ ਐਸ (NHS) ਦਾ ਇਲਾਜ ਪੇਸ਼ ਕਰਦੇ ਹਨ, ਤੁਹਾਨੂੰ ਇੱਕ ਐਨ ਐਚ ਐਸ (NHS) ਦੇ ਮਰੀਜ਼ ਦੇ ਤੌਰ ਤੇ ਲੈ ਲੈਣ। ਜੇ ਉਹ ਤੁਹਾਡਾ ਨਾਮ ਦਰਜ ਨਹੀਂ ਕਰ ਸਕਦੇ ਤਾਂ ਉਹਨਾਂ ਨੂੰ ਤੁਹਾਨੂੰ ਦੱਸ ਦੇਣਾ ਚਾਹੀਦਾ ਹੈ ਤਾਂ ਕਿ ਤੁਸੀਂ ਕਿਸੇ ਹੋਰ ਡੈਂਨਟਿਸਟ ਪਾਸ ਜਾ ਸਕਦੇ ਹੋ।

ਐਨ ਐਚ ਐਸ (NHS) ਦਾ ਇਲਾਜ ਕਰਾਉਂਣ ਲਈ ਤੁਹਾਨੂੰ ਕਿਸੇ ਡੈਂਨਟਿਸਟ ਨਾਲ ਰੈਜਿਸਟਰ ਹੋਣਾ ਜ਼ਰੂਰੀ ਨਹੀਂ ਹੈ, ਪਰ ਤੁਹਾਡਾ ਡੈਂਨਟਿਸਟ ਸ਼ਾਇਦ ਆਪਣੇ ਪਾਸ ਬਾਕਾਇਦਗੀ ਨਾਲ ਆਉਂਣ ਵਾਲੇ ਮਰੀਜ਼ਾਂ ਦੀ ਇੱਕ ਲਿਸਟ ਰੱਖੇ ਅਤੇ ਉਹਨਾਂ ਨੂੰ ਲਗਾਤਾਰ ਇਲਾਜ ਅਤੇ ਨਿਗਰਾਨੀ ਪੇਸ਼ ਕਰੇ।

ਕਈ ਹਾਲਾਤਾਂ ਵਿਚ, ਹੋ ਸਕਦਾ ਹੈ ਕਿ ਤੁਹਾਡਾ ਡੈਂਨਟਿਸਟ ਇਲਾਜ ਦਾ ਕੋਰਸ ਦੇਣਾ ਬੰਦ ਕਰ ਦੇਵੇ। ਇਹ ਤਾਂ ਹੋ ਸਕਦਾ ਹੈ, ਜਿਵੇਂ ਕਿ, ਜੇ ਤੁਸੀਂ ਇਲਾਜ ਵਿਚ ਉਸ ਦਾ ਸਹਿਯੋਗ ਨਾ ਦੇਵੋ, ਜਾਂ ਜੇ ਤੁਸੀਂ ਬਹੁਤ ਸਾਰੀਆਂ ਅਪੌਇੰਟਮੈਂਟਸ ਤੇ ਹਾਜ਼ਰ ਹੋਣ ਤੋਂ ਨਾਕਾਮ ਹੋ ਜਾਓ। ਜਿੱਥੇ ਹਿੰਸਾ ਜਾਂ ਅੱਤਿਆਚਾਰ, ਜਾਂ ਅਤਿਆਚਾਰ ਕਰਨ ਦੀ ਧਮਕੀ ਦਿੱਤੀ ਜਾਵੇ, ਤਾਂ ਤੁਹਾਡਾ ਡੈਂਨਟਿਸਟ ਬਿਨਾਂ ਕਿਸੇ ਇਤਲਾਹ ਦਿੱਤਿਆਂ ਇੱਕ ਦਮ ਹੀ ਤੁਹਾਡਾ ਇਲਾਜ ਕਰਨਾ ਬੰਦ ਕਰ ਸਕਦਾ ਹੈ।

ਇਸ ਪਤੇ ਤੋਂ ਤੁਸੀਂ ਇਹੋ ਜਿਹੇ ਡੈਂਨਟਿਸਟਾਂ ਦੀ ਲਿਸਟ ਲੱਭ ਸਕਦੇ ਹੋ ਜੋ ਤੁਹਾਡੇ ਇਲਾਕੇ ਵਿਚ ਐਨ ਐਚ ਐਸ (NHS) ਦਾ ਕੰਮ ਕਰਦੇ ਹਨ:

Copyright © 2002-2007 Citizens Advice All rights reserved
Registered charity no: 279057 Company no: 1436945 England

ਇੰਗਲੈਂਡ ਵਿਚ, ਐਨ ਐਚ ਐਸ ਡਾਇਰੈਕਟ ਨੂੰ 0845 4647 ਤੇ ਫ਼ੋਨ ਕਰੋ ਜਾਂ ਉਹਨਾਂ ਦੇ ਵੈਬਸਾਈਟ www.nhsdirect.nhs.uk ਤੇ ਦੇਖੋ।
ਵੇਲਜ਼ ਵਿਚ, ਐਨ ਐਚ ਐਸ ਡਾਇਰੈਕਟ ਨੂੰ 0845 4647 ਤੇ ਫ਼ੋਨ ਕਰੋ ਜਾਂ ਉਹਨਾਂ ਦੇ ਵੈਬਸਾਈਟ www.wales.nhs.uk ਤੇ ਦੇਖੋ।

## 'ਸਵਾਈਨ ਫ਼ਲੂ' ਨਾਲ ਨਿਪਟਣ ਲਈ ਮੈਂ ਜਾਣਕਾਰੀ ਕਿੱਥੋਂ ਲੈ ਸਕਦਾ ਹਾਂ ?

ਇੰਗਲੈਂਡ, ਵੇਲਜ਼ ਅਤੇ ਸਕੌਟਲੈਂਡ ਲਈ, ਸਵਾਈਨ ਫ਼ਲੂ ਬਾਰੇ ਤਾਜ਼ਾ ਤਰੀਨ ਜਾਣਕਾਰੀ ਤੁਸੀਂ ਡਾਇਰੈਕਟਗਵ ਦੇ ਇਸ ਵੈਬਸਾਈਟ ਤੋਂ ਲੈ ਸਕਦੇ ਹੋ: www.direct.gov.uk
[http://www.direct.gov.uk/en/Swineflu/DG_177884]

ਨੌਰਧਰਨ ਆਇਅਰਲੈਂਡ ਲਈ, ਸਵਾਈਨ ਫ਼ਲੂ ਬਾਰੇ ਤਾਜ਼ਾ ਤਰੀਨ ਜਾਣਕਾਰੀ ਤੁਸੀਂ ਐਨਆਈਡਾਇਰੈਕਟ ਦੇ ਇਸ ਵੈਬਸਾਈਟ ਤੋਂ ਲੈ ਸਕਦੇ ਹੋ: www.nidirect.gov.uk
[http://www.nidirect.gov.uk/Swine-flu.htm]

ਸਵਾਈਨ ਫ਼ਲੂ ਬਾਰੇ ਦੂਸਰੀਆਂ ਭਾਸ਼ਾਵਾਂ ਵਿਚ ਜਾਣਕਾਰੀ ਤੁਸੀਂ ਡਿਪਾਰਟਮੈਂਟ ਔਫ਼ ਹੈਲਥ ਦੇ ਇਸ ਵੈਬਸਾਈਟ ਤੋਂ ਲੈ ਸਕਦੇ ਹੋ: www.dh.gov.uk.
[http://www.dh.gov.uk/en/Publicationsandstatistics/Publications/PublicationsPolicyAndGuidance/DH_110808]

Copyright © 2002-2007 Citizens Advice All rights reserved
Registered charity no: 279057 Company no: 1436945 England

# ਮੈਨੂੰ ਲਗਦਾ ਹੈ ਕਿ ਮੇਰਾ ਪਾਟਨਰ (ਸਾਥੀ) ਕੰਨਾਂ ਤੋਂ ਬੋਲਾ ਹੋ ਰਿਹਾ ਹੈ - ਇਸ ਲਈ ਸਾਨੂੰ ਕਿਹੋ ਜਿਹੀ ਮੱਦਦ ਮਿਲ ਸਕਦੀ ਹੈ ?

ਤੁਹਾਡਾ ਪਾਟਨਰ ਕੰਨਾ ਦੀ ਸੁਣਵਾਈ ਦਾ ਇੱਕ ਮੁੱਫ਼ਤ ਟੈਸਟ ਕਰਵਾ ਸਕਦਾ ਹੈ - ਇਸ ਲਈ 0844 800 3838 ਤੇ ਫ਼ੋਨ ਕਰੋ। ਜਾਂ ਫਿਰ ਉਸ ਨੂੰ ਆਪਣੇ ਜੀ ਪੀ ਪਾਸ ਜਾਣੇ ਲਈ ਰਾਜ਼ੀ ਕਰੋ। ਜੀ ਪੀ ਸ਼ਾਇਦ ਉਸਨੂੰ ਸਥਾਨਕ ਹਸਪਤਾਲ ਵਿਚ ਇੱਕ ਸਪੈਸ਼ਲਿਸਟ (ਮਾਹਿਰ) ਪਾਸ ਜਾਣੇ ਲਈ ਚਿੱਠੀ ਦੇ ਦੇਵੇਗਾ। ਉਹ ਉਸਦੀ ਸੁਣਨ ਸ਼ਕਤੀ ਦਾ ਟੈਸਟ ਕਰਕੇ ਫ਼ੈਸਲਾ ਕਰਨਗੇ ਕਿ ਕੀ ਇਸ ਨੂੰ ਹੀਅਰਿੰਗ ਏਡ (ਸੁਣਨ ਵਿਚ ਮੱਦਦ ਕਰਨ ਵਾਲੇ ਯੰਤਰ) ਦੀ ਜ਼ਰੂਰਤ ਹੈ ਜਾਂ ਨਹੀਂ।

NHS ਵਲੋਂ ਸੁਣਨ ਵਿਚ ਮੱਦਦ ਕਰਨ ਵਾਲੇ ਯੰਤਰ (ਹੀਅਰਿੰਗ ਏਡਜ਼) ਜਿੰਨੀ ਦੇਰ ਤੱਕ ਜ਼ਰੂਰਤ ਹੋਵੇ ਮੁੱਫਤ ਉਧਾਰ ਤੇ ਦਿੱਤੇ ਜਾਂਦੇ ਹਨ। ਹੀਅਰਿੰਗ ਏਡਜ਼ ਦੀਆਂ ਬੈਟਰੀਆਂ, ਮੁਰੰਮਤਾਂ ਅਤੇ ਉਹਨਾਂ ਨੂੰ ਬਦਲਾਉਂਣ ਦਾ ਵੀ ਕੋਈ ਪੈਸਾ ਨਹੀਂ ਲਿਆ ਜਾਂਦਾ। ਜੇ ਤੁਸੀਂ ਹੀਅਰਿੰਗ ਏਡ ਖ਼ਰੀਦਣੇ ਦਾ ਫ਼ੈਸਲਾ ਕਰਦੇ ਹੋ ਤਾਂ ਇਹ ਨਿਸਚਿਤ ਕਰੋ ਕਿ ਜਿਹੜਾ ਵਿਅਕਤੀ ਤੁਹਾਨੂੰ ਹੀਅਰਿੰਗ ਏਡ ਵੇਚ ਰਿਹਾ ਹੈ ਉਹ ਹੈਲਥ ਪ੍ਰੋਫ਼ੈਸ਼ਨਜ਼ ਕਾਉਂਸਲ ਨਾਲ ਰੈਜਿਸਟਰ ਹੈ। ਤੁਸੀਂ 0845 300 4472 ਤੇ ਫ਼ੋਨ ਕਰਕੇ ਪਤਾ ਕਰ ਸਕਦੇ ਹੋ ਕਿ ਕੀ ਉਹ ਉਹਨਾਂ ਨਾਲ ਰੈਜਿਸਟਰ ਹੋਇਆ ਹੈ ਕਿ ਨਹੀਂ। ਜਾਂ ਤੁਸੀਂ ਹੈਲਥ ਪ੍ਰੋਫ਼ੈਸ਼ਨਜ਼ ਕਾਉਂਸਲ ਦੀ ਇਸ ਵੈਬਸਾਈਟ: www.hpc-uk.org. [http://www.hpc-uk.org/] ਜਾ ਕੇ ਚੈੱਕ ਕਰ ਸਕਦੇ ਹੋ। ਇਹ ਹੀਅਰਿੰਗ ਏਡਜ਼ ਵੇਚਣੇ ਵਾਲੇ ਉਸ ਵਿਅਕਤੀ ਦੇ ਖ਼ਿਲਾਫ਼ ਕਾਰਵਾਈ ਕਰ ਸਕਦੇ ਹਨ ਜਿਹੜਾ ਉਹਨਾਂ ਦੇ ਮਿਆਰਾਂ ਤੇ ਪੂਰਾ ਨਹੀਂ ਉਤਰਦਾ ਹੈ। ਜੇ ਤੁਹਾਡੇ ਪਾਸ ਕਿਸੇ ਇਹੋ ਜਿਹੇ ਵਿਅਕਤੀ ਬਾਰੇ ਸ਼ਿਕਾਇਤ ਹੈ ਜਿਸ ਨੇ ਤੁਹਾਨੂੰ ਹੀਅਰਿੰਗ ਏਡਜ਼ ਵੇਚੇ ਹਨ ਤਾਂ ਤੁਸੀਂ ਹੈਲਥ ਪ੍ਰੋਫ਼ੈਸ਼ਨਜ਼ ਕਾਉਂਸਲ ਨਾਲ ਸੰਪਰਕ ਕਰ ਸਕਦੇ ਹੋ।

ਹੀਅਰਿੰਗ ਏਡਜ਼ ਬਾਰੇ ਵਧੇਰੇ ਜਾਣਕਾਰੀ ਅਤੇ ਆਪਣੇ ਪਾਟਨਰ ਦੀ ਕਿਸ ਤਰ੍ਹਾਂ ਸਹੀ ਮੱਦਦ ਕਰ ਸਕਦੇ ਹੋ, ਲਈ ਐਕਸ਼ਨ ਔਨ ਹੀਅਰਿੰਗ ਲੌਸ ਦੇ ਇਸ ਵੈਬਸਾਈਟ www.actiononhearingloss.org.uk ਤੇ ਦੇਖੋ। ਜਾਂ ਫਿਰ ਆਪਣੇ ਸਥਾਨਕ ਸਿਟੀਜ਼ਨਜ਼ ਐਡਵਾਈਸ ਬਿਊਰੋ ਪਾਸ ਜਾਓ। ਉਹ ਤੁਹਾਨੂੰ ਕੰਨਾ ਤੋਂ ਬੋਲੇ ਅਤੇ ਘੱਟ ਸੁਣ ਸਕਣ ਵਾਲੇ ਲੋਕਾਂ ਬਾਰੇ ਵਧੇਰੇ ਜਾਣਕਾਰੀ ਦੇ ਸਕਣਗੇ ਕਿ ਇਹੋ ਜਿਹੇ ਲੋਕਾਂ ਲਈ ਕਿਹੋ ਜਿਹੀ ਮੱਦਦ ਉਪਲਬਧ ਹੈ।

Copyright © 2002-2007 Citizens Advice All rights reserved
Registered charity no: 279057 Company no: 1436945 England